# ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਨੇ ਆਰਥਿਕ ਵਿਕਾਸ ਦਫ਼ਤਰ (ਇਕਨੋਮਿਕ ਡਿਵੈਲਪਮੈਂਟ ਆਫ਼ਿਸ) ਖੋਲ੍ਹਣ ਦਾ ਪ੍ਰਣ ਲਿਆ।

ਡੈਲਟਾ ਬੀ.ਸੀ.-ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਅਤੇ ਉਸਦੀ ਟੀਮ ਡੈਲਟਾ ਦੇ ਸਾਥੀ ਜੇ ਅਕਤੂਬਰ ਵਿੱਚ ਸਥਾਨਕ ਕੌਂਸਲ ਦੀ ਚੋਣ ਜਿੱਤ ਜਾਂਦੇ ਹਨ ਤਾਂ ਡੈਲਟਾ ਸ਼ਹਿਰ ਕੋਲ ਨਵਾਂ ਵਧੀਆ ਆਰਥਿਕ ਵਿਕਾਸ ਦਫ਼ਤਰ ਹੋਵੇਗਾ।

ਬਿਸ਼ਪ ਨੇ ਅੱਜ ਕਿਹਾ ਕਿ , “ਡੈਲਟਾ ਬ੍ਰਿਟਿਸ਼ ਕੋਲੰਬੀਆ ਦੇ ਵੱਡੇ ਮਿਊਂਸਪੈਲਟੀਆਂ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਕੋਲ ਆਪਣਾ ਆਰਥਿਕ ਵਿਕਾਸ ਦਫ਼ਤਰ ,ਏਜੰਸੀ ਜਾਂ ਕਾਰਪੋਰੇਸ਼ਨ ਨਹੀਂ ਹੈ”।

ਉਸਨੇ ਇਹ ਵੀ ਕਿਹਾ ਕਿ, “ਸਾਨੂੰ ਆਪਣੇ ਭਾਈਚਾਰੇ ਵਿੱਚ ਨਿਵੇਸ਼ ਅਤੇ ਹੋਰ ਵਧੇਰੇ ਨੌਕਰੀਆਂ ਪੈਦਾ ਕਰਨ ਲਈ  ਪੁਰਜ਼ੋਰ ਤਰੀਕੇ ਨਾਲ ਸਰਗਰਮ ਹੋਣਾ ਚਾਹੀਦਾ ਹੈ”।

“ਡੈਲਟਾ ਵਿੱਚ ਸਥਾਪਿਤ ਅਤੇ ਨਵੇਂ ਖੁੱਲਣ ਵਾਲੇ ਵਪਾਰਕ ਉਦਯੋਗਾਂ ਨਾਲ ਸਾਡੀ ਮਿਊਂਸਪੈਲਟੀ ਲਈ ਆਮਦਨ ਦੇ ਨਵੇਂ ਰਾਹ ਖੁੱਲਣਗੇ ਅਤੇ ਇਸ ਨਾਲ ਵਪਾਰ, ਘਰਾਂ ਦੇ ਮਾਲਕਾਂ ਅਤੇ ਹੋਰਨਾਂ ਤੇ ਬਿਨ੍ਹਾਂ ਬੋਝ ਪਾਇਆਂ ਸਥਾਨਕ ਵਸਨੀਕਾਂ ਨੂੰ ਲੋੜੀਦੀਆਂ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ”।

ਬਿਸ਼ਪ ਅਨੁਸਾਰ ਹਾਲ ਵਿੱਚ ਹੀ ਡੈਲਟਾ ਸ਼ਹਿਰ ਨੇ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਕੁਝ ਸਫ਼ਲਤਾ ਹਾਸਲ ਕੀਤੀ ਹੈ ਪਰ ਭਵਿੱਖ ਵਿੱਚ ਅਜੇ ਬਹੁਤ ਕੁਝ ਹੋਰ ਕਰਨਾ ਬਾਕੀ ਹੈ।

ਉਸਨੇ ਕਿਹਾ ਕਿ, “ਸਾਡੇ ਸ਼ਹਿਰ ਕੋਲ ਤਕਨੀਕ ਅਤੇ ਗਰੀਨ ਇਕੋਨਮੀ ਇੰਟਰਪ੍ਰਾਈਜ਼ ਸਮੇਤ ਨਵੇਂ ਆਉਣ ਵਾਲੇ ਹੋਰ ਆਰਥਿਕ ਵਪਾਰਾਂ ਲਈ ਬਹੁਤ ਸੰਭਾਵਨਾਵਾਂ ਹਨ ਅਤੇ ਨਾਲ ਹੀ ਸਾਡੇ ਕੋਲ ਮੈਨੂੰਫੈਕਚਰਿੰਗ ਅਤੇ ਅਸੈਂਬਲੀ, ਸਾਈਂਟਿਫਿੱਕ ਐਂਡ ਫਾਰਮਾਸਿਟੀਕਲ ਰਿਸਚਰ, ਟੂਰਿਜ਼ਮ, ਫਿਲਮ ਮੇਕਿੰਗ ਅਤੇ ਕਈ ਹੋਰ ਸੈਕਟਰਾਂ ਲਈ ਵੀ ਮਹੱਤਵਪੂਰਨ ਸਾਧਨ ਹਨ”।

“2013 ਦੇ ਅਖੀਰ ਵਿੱਚ ਮੁਕਮੰਲ ਹੋਈ ਸਾਊਥ ਏਸ਼ੀਅਨ ਪੈਰਾਮੀਟਰ ਸੜਕ ਨੇ ਟਿਲਬਰੀ ਆਈਲੈਂਡ ਅਤੇ ਨੇੜਲੀਆਂ ਥਾਵਾਂ ਤੇ ਕਈ ਨਵੇਂ ਮੌਕੇ ਪੈਦਾ ਕੀਤੇ ਹਨ ਅਤੇ ਮੇਰੇ ਅਨੁਸਾਰ ਹੁਣ ਡੈਲਟਾ ਦੇ ਵਪਾਰ ਅਤੇ ਬਿਜ਼ਨਸ ਨੂੰ ਪ੍ਰਫੁਲਿਤ ਕਰਨ ਦਾ ਸਹੀ ਸਮਾਂ ਹੈ”।

ਬਿਸ਼ਪ ਅਨੁਸਾਰ ਲੋਅਰ ਮੇਨਲੈਂਡ ਦੀਆਂ 8 ਸਭ ਤੋਂ ਵੱਡੀਆਂ ਮਿਊਂਸਪੈਲਟੀਆਂ ਵਿੱਚੋਂ ਡੈਲਟਾ ਕੋਲ ਆਰਥਿਕ ਦਫ਼ਤਰ ਨੂੰ ਪ੍ਰਫੁੱਲਿਤ ਕਰਨ ਦੀ ਵਧੀਆ ਯੋਜਨਾ ਹੈ।

ਬਿਸ਼ਪ ਨੇ ਕਿਹਾ ਕਿ “ਵੈਨਕੂਵਰ, ਸਰ੍ਹੀ, ਰਿਚਮੰਡ, ਕੁਕਿੱਟਲਮ, ਲੈਂਗਲੀ, ਟਾਊਨਸ਼ਿੱਪ ਅਤੇ ਮੇਪਲ ਰਿੱਜ ਨੇ ਸਥਾਨਕ ਨਿਵੇਸ਼ ਦੇ ਮੌਕਿਆਂ ਨੂੰ ਸਮਝਣ ਅਤੇ ਵਧਾਉਣ ਲਈ ਬਹੁਤ ਸਮ੍ਹਾਂ ਅਤੇ ਮਿਹਨਤ ਲਗਾਈ ਹੈ। ਜੇ ਅਸੀਂ ਪਿੱਛੇ ਨਹੀਂ ਰਹਿਣਾ ਚਾਹੁੰਦੇ ਤਾਂ ਸਾਨੂੰ ਵੀ ਅਜਿਹਾ ਕਰਨਾ ਚਾਹੀਦਾ ਹੈ”।

**ਜੇ ਮੈਂ ਅਤੇ ਮੇਰੀ ਟੀਮ ਡੈਲਟਾ ਦੇ ਸਾਥੀ ਅਕਤੂਬਰ ਦੀਆਂ ਸਿਟੀ ਕੌਂਸਲ ਦੀਆਂ ਚੋਣਾਂ ਜਿੱਤ ਗਏ ਤਾਂ ਅਸੀਂ ਆਰਥਿਕ ਵਿਕਾਸ ਨੂੰ ਪ੍ਰਾਥਮਿਕਤਾ ਦੇਣਾ ਯਕੀਨੀ ਬਣਾਵਾਂਗੇ।**

**ਸੰਪਰਕ ਕਰੋ:**


Jason Craik, co-campaign manager 604-603-1790

Kristy Fredericks, co-campaign manager 604-626-1374

teamdeltamedia@gmail.com